## ਤੁਹਾਨੂੰ ਇਹ ਜਾਣਨ ਦਾ ਹੱਕ ਹੈ...

**ਤੁਸੀਂ:**

- ਕਿਸੇ ਵੀ ਟੈੱਸਟ ਜਾਂ ਇੰਟਰਵਿਊ ਦੌਰਾਨ ਆਪਣੇ ਨਾਲ ਕਾਮੁਕ ਹਮਲੇ ਦੇ ਸੰਬੰਧ ਵਿਚ 24 ਘੰਟੇ ਮਦਦ ਕਰਨ ਵਾਲਾ ਗੁਪਤ ਕੌਂਸਲਰ (ਪੀੜਿਤ ਦਾ ਹਿਮਾਇਤੀ) ਜਾਂ ਮਦਦ ਕਰਨ ਵਾਲਾ ਕੋਈ ਹੋਰ ਵਿਅਕਤੀ ਰੱਖ ਸਕਦੇ ਹੋ।
- ਆਪਣੀ ਰੱਖਿਆ ਲਈ ਕੋਰਟ ਆਰਡਰ ਮੰਗ ਸਕਦੇ ਹੋ।
  - » ਹਮਲਾ ਕਰਨ ਵਾਲੇ ਤੋਂ ਫੌਰਨ ਰੱਖਿਆ ਲਈ, ਕਾਨੂੰਨ ਲਾਗੂ ਕਰਨ ਵਾਲੇ ਕਿਸੇ ਅਫਸਰ ਤੋਂ ਐਮਰਜੰਸੀ ਪ੍ਰੋਟੈਕਟਿਵ ਆਰਡਰ ਦੀ ਮੰਗ ਕਰੋ।
  - » ਸਿਵਲ ਪ੍ਰੋਟੈਕਸ਼ਨ ਆਰਡਰਜ਼ ਬਾਰੇ ਇਸ ਵੈੱਬਸਾਈਟ 'ਤੇ ਜਾਣੋ: www.courts.ca.gov/1260.htm
- ਟੈੱਸਟ ਦੇ ਨਤੀਜਿਆਂ ਅਤੇ ਹਮਲੇ ਦੇ ਸਬੂਤਾਂ ਬਾਰੇ ਪੁੱਛ ਸਕਦੇ ਹੋ।
- ਅਫਸਰ ਤੋਂ ਕੇਸ ਨੰਬਰ ਪੁੱਛ ਸਕਦੇ ਹੋ ਅਤੇ ਇਹ ਪੁੱਛ ਸਕਦੇ ਹੋ ਕਿ ਜੋ ਅਗਾਂਹ ਹੋਣਾ ਹੈ ਉਸ ਬਾਰੇ ਕਿਵੇਂ ਪਤਾ ਲਾਉਣਾ ਹੈ।
- ਜੇ ਤੁਹਾਨੂੰ ਹਮਲੇ ਨਾਲ ਸੰਬੰਧਿਤ ਆਪਣੇ ਖਰਚੇ ਦੇਣ ਵਿਚ ਮਦਦ ਦੀ ਲੋੜ ਹੋਵੇ ਤਾਂ ਇਸ ਵੈੱਬਸਾਈਟ 'ਤੇ ਜ਼ਿਆਦਾ ਜਾਣੋ ਅਤੇ ਅਪਲਾਈ ਕਰੋ: www.victims.ca.gov/victims/howtoapply.aspx
- **ਨੋਟ: ਸੀ ਏ ਐੱਲ ਵੀ ਸੀ ਬੀ (CalVCB) ਲਈ ਯੋਗ ਹੋਣ ਲਈ ਤੁਹਾਨੂੰ ਕ੍ਰਿਮੀਨਲ ਕੇਸ ਵਿਚ ਹਿੱਸਾ ਲੈਣ ਦੀ ਲੋੜ ਪੈ ਸਕਦੀ ਹੈ।**

**ਏਜੰਸੀ:** [Agency Name]______________________

**ਸੰਪਰਕ ਦਾ ਨਾਂ:** [Contact Name]________________

**ਫੋਨ:** [Phone Number]_____________________

**ਪੁਲੀਸ ਰਿਪੋਰਟ/ਕੇਸ ਨੰਬਰ:** [Report/Case No.]______

**ਨੋਟ:** [Notes]__________________________________

______________________________________________

______________________________________________

Funded by the U.S. Dept. of Justice, Victims of Crime Act, 2017-VA-GX-0084



# ਕਾਮੁਕ ਹਮਲੇ ਤੋਂ ਪੀੜਿਤ ਦੇ ਹੱਕਾਂ ਦਾ ਬਿੱਲ

ਤੁਹਾਡੇ ਹੱਕ ਹਨ। ਤੁਹਾਨੂੰ ਜਵਾਬ ਲੈਣ ਦਾ ਹੱਕ ਹੈ, ਜਾਣਕਾਰੀ ਲੈਣ ਦਾ ਹੱਕ ਹੈ, ਅਤੇ ਜਾਣਨ ਦਾ ਹੱਕ ਹੈ। ਇਹ ਕਾਰਡ ਮੁੱਖ ਹੱਕਾਂ, ਚੋਣਾਂ, ਅਤੇ ਮਦਦ ਕਰਨ ਵਾਲੇ ਵਸੀਲਿਆਂ ਬਾਰੇ ਦੱਸਦਾ ਹੈ।

## ਤੁਸੀਂ ਫੈਸਲਾ ਕਰਦੇ ਹੋ

ਇਹ ਕਰਨਾ ਤੁਹਾਡੀ ਚੋਣ ਹੈ:

- ਸਰੀਰਕ ਜਾਂਚ ਕਰਾਉਣਾ,
- ਕ੍ਰਿਮੀਨਲ (ਮੁਜਰਮਾਨਾ) ਕੇਸ ਦਾ ਹਿੱਸਾ ਬਣਨਾ, ਜਾਂ
- ਹਮਲੇ ਦੀ ਰਿਪੋਰਟ ਕਰਨਾ।

ਤੁਸੀਂ ਭਾਵੇਂ ਕਿਸੇ ਚੀਜ਼ ਦੀ ਵੀ ਚੋਣ ਕਰੋ, ਤੁਸੀਂ ਆਪਣੇ ਹੱਕ ਕਾਇਮ ਰੱਖਦੇ ਹੋ।

**? ਸਵਾਲ?**

ਆਪਣੇ ਡਾਕਟਰ, ਕਾਨੂੰਨ ਲਾਗੂ ਕਰਨ ਵਾਲੇ ਅਫਸਰ ਤੋਂ ਪੁੱਛੋ ਜਾਂ ਆਪਣੇ ਸਥਾਨਕ ਰੇਪ ਕਰਾਈਸਿਸ ਸੈਂਟਰ ਨਾਲ ਸੰਪਰਕ ਕਰੋ।


## ਤੁਹਾਨੂੰ ਇਹ ਜਾਣਨ ਦਾ ਹੱਕ ਹੈ...

**ਤੁਸੀਂ:**

- ਕਿਸੇ ਵੀ ਟੈੱਸਟ ਜਾਂ ਇੰਟਰਵਿਊ ਦੌਰਾਨ ਆਪਣੇ ਨਾਲ ਕਾਮੁਕ ਹਮਲੇ ਦੇ ਸੰਬੰਧ ਵਿਚ 24 ਘੰਟੇ ਮਦਦ ਕਰਨ ਵਾਲਾ ਗੁਪਤ ਕੌਂਸਲਰ (ਪੀੜਿਤ ਦਾ ਹਿਮਾਇਤੀ) ਜਾਂ ਮਦਦ ਕਰਨ ਵਾਲਾ ਕੋਈ ਹੋਰ ਵਿਅਕਤੀ ਰੱਖ ਸਕਦੇ ਹੋ।
- ਆਪਣੀ ਰੱਖਿਆ ਲਈ ਕੋਰਟ ਆਰਡਰ ਮੰਗ ਸਕਦੇ ਹੋ।
  - » ਹਮਲਾ ਕਰਨ ਵਾਲੇ ਤੋਂ ਫੌਰਨ ਰੱਖਿਆ ਲਈ, ਕਾਨੂੰਨ ਲਾਗੂ ਕਰਨ ਵਾਲੇ ਕਿਸੇ ਅਫਸਰ ਤੋਂ ਐਮਰਜੰਸੀ ਪ੍ਰੋਟੈਕਟਿਵ ਆਰਡਰ ਦੀ ਮੰਗ ਕਰੋ।
  - » ਸਿਵਲ ਪ੍ਰੋਟੈਕਸ਼ਨ ਆਰਡਰਜ਼ ਬਾਰੇ ਇਸ ਵੈੱਬਸਾਈਟ 'ਤੇ ਜਾਣੋ: www.courts.ca.gov/1260.htm
- ਟੈੱਸਟ ਦੇ ਨਤੀਜਿਆਂ ਅਤੇ ਹਮਲੇ ਦੇ ਸਬੂਤਾਂ ਬਾਰੇ ਪੁੱਛ ਸਕਦੇ ਹੋ।
- ਅਫਸਰ ਤੋਂ ਕੇਸ ਨੰਬਰ ਪੁੱਛ ਸਕਦੇ ਹੋ ਅਤੇ ਇਹ ਪੁੱਛ ਸਕਦੇ ਹੋ ਕਿ ਜੋ ਅਗਾਂਹ ਹੋਣਾ ਹੈ ਉਸ ਬਾਰੇ ਕਿਵੇਂ ਪਤਾ ਲਾਉਣਾ ਹੈ।
- ਜੇ ਤੁਹਾਨੂੰ ਹਮਲੇ ਨਾਲ ਸੰਬੰਧਿਤ ਆਪਣੇ ਖਰਚੇ ਦੇਣ ਵਿਚ ਮਦਦ ਦੀ ਲੋੜ ਹੋਵੇ ਤਾਂ ਇਸ ਵੈੱਬਸਾਈਟ 'ਤੇ ਜ਼ਿਆਦਾ ਜਾਣੋ ਅਤੇ ਅਪਲਾਈ ਕਰੋ: www.victims.ca.gov/victims/howtoapply.aspx
- **ਨੋਟ: ਸੀ ਏ ਐੱਲ ਵੀ ਸੀ ਬੀ (CalVCB) ਲਈ ਯੋਗ ਹੋਣ ਲਈ ਤੁਹਾਨੂੰ ਕ੍ਰਿਮੀਨਲ ਕੇਸ ਵਿਚ ਹਿੱਸਾ ਲੈਣ ਦੀ ਲੋੜ ਪੈ ਸਕਦੀ ਹੈ।**

**ਏਜੰਸੀ:** [Agency Name]______________________

**ਸੰਪਰਕ ਦਾ ਨਾਂ:** [Contact Name]________________

**ਫੋਨ:** [Phone Number]_____________________

**ਪੁਲੀਸ ਰਿਪੋਰਟ/ਕੇਸ ਨੰਬਰ:** [Report/Case No.]______

**ਨੋਟ:** [Notes]__________________________________

______________________________________________

______________________________________________

Funded by the U.S. Dept. of Justice, Victims of Crime Act, 2017-VA-GX-0084

**VSU Rev 10/2018** Punjabi

# ਕਾਮੁਕ ਹਮਲੇ ਤੋਂ ਪੀੜਿਤ ਦੇ ਹੱਕਾਂ ਦਾ ਬਿੱਲ

ਤੁਹਾਡੇ ਹੱਕ ਹਨ। ਤੁਹਾਨੂੰ ਜਵਾਬ ਲੈਣ ਦਾ ਹੱਕ ਹੈ, ਜਾਣਕਾਰੀ ਲੈਣ ਦਾ ਹੱਕ ਹੈ, ਅਤੇ ਜਾਣਨ ਦਾ ਹੱਕ ਹੈ। ਇਹ ਕਾਰਡ ਮੁੱਖ ਹੱਕਾਂ, ਚੋਣਾਂ, ਅਤੇ ਮਦਦ ਕਰਨ ਵਾਲੇ ਵਸੀਲਿਆਂ ਬਾਰੇ ਦੱਸਦਾ ਹੈ।

## ਤੁਸੀਂ ਫੈਸਲਾ ਕਰਦੇ ਹੋ

ਇਹ ਕਰਨਾ ਤੁਹਾਡੀ ਚੋਣ ਹੈ:

- ਸਰੀਰਕ ਜਾਂਚ ਕਰਾਉਣਾ,
- ਕ੍ਰਿਮੀਨਲ (ਮੁਜਰਮਾਨਾ) ਕੇਸ ਦਾ ਹਿੱਸਾ ਬਣਨਾ, ਜਾਂ
- ਹਮਲੇ ਦੀ ਰਿਪੋਰਟ ਕਰਨਾ।

ਤੁਸੀਂ ਭਾਵੇਂ ਕਿਸੇ ਚੀਜ਼ ਦੀ ਵੀ ਚੋਣ ਕਰੋ, ਤੁਸੀਂ ਆਪਣੇ ਹੱਕ ਕਾਇਮ ਰੱਖਦੇ ਹੋ।

**? ਸਵਾਲ?**

ਆਪਣੇ ਡਾਕਟਰ, ਕਾਨੂੰਨ ਲਾਗੂ ਕਰਨ ਵਾਲੇ ਅਫਸਰ ਤੋਂ ਪੁੱਛੋ ਜਾਂ ਆਪਣੇ ਸਥਾਨਕ ਰੇਪ ਕਰਾਈਸਿਸ ਸੈਂਟਰ ਨਾਲ ਸੰਪਰਕ ਕਰੋ।

## ਤੁਹਾਨੂੰ ਜਵਾਬ ਲੈਣ ਦਾ ਹੱਕ ਹੈ

- ਕੀ ਤੁਹਾਡੇ ਸਬੂਤ ਦੀ 18 ਮਹੀਨਿਆਂ ਦੇ ਵਿਚ ਵਿਚ ਛਾਣਬੀਣ ਕੀਤੀ ਗਈ ਸੀ?
- ਕੀ ਸਬੂਤ ਦੀ ਵਰਤੋਂ ਤੁਹਾਡੇ ਹਮਲਾਕਾਰ ਦਾ ਡੀ ਐੱਨ ਏ ਪ੍ਰੋਫਾਇਲ ਬਣਾਉਣ ਲਈ ਕੀਤੀ ਗਈ ਸੀ?
- ਕੀ ਡੀ ਐੱਨ ਏ ਪ੍ਰੋਫਾਇਲ ਕਾਨੂੰਨ ਲਾਗੂ ਕਰਨ ਵਾਲਿਆਂ ਦੇ ਡੈਟਾਬੇਸ ਵਿਚ ਦਰਜ ਹੋਇਆ ਸੀ? ਕੀ ਉਨ੍ਹਾਂ ਨੂੰ ਪ੍ਰੋਫਾਇਲ ਨਾਲ ਮੇਲ ਲੱਭੇ ਸਨ?

## ਤੁਹਾਨੂੰ ਜਾਣਕਾਰੀ ਲੈਣ ਦਾ ਹੱਕ ਹੈ, ਜਿਸ ਵਿਚ ਇਹ ਸ਼ਾਮਲ ਹੈ:

- ਜੁਰਮ ਦੀਆਂ ਰਿਪੋਰਟਾਂ ਦੀ ਮੁਫਤ ਕਾਪੀ। (ਆਪਣੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਤੋਂ ਲਿਖਤੀ ਰੂਪ ਵਿਚ ਮੰਗੋ।)
- ਹਮਲਾਕਾਰ ਜੇ ਦੋਸ਼ੀ ਸਿੱਧ ਹੋਇਆ ਹੈ ਤਾਂ ਉਸ ਦੀ ਸੈਕਸ ਓਫੈਂਡਰ ਰਜਿਸਟਰੀ ਵਿਚ ਜਾਣਕਾਰੀ।
- ਰੇਪ ਕਿੱਟ ਵਿੱਚੋਂ ਸਬੂਤ। ਰੇਪ ਕਿੱਟ:
  - ਲੈਬ ਨੂੰ ਲਿਜਾਈ ਜਾਣੀ ਅਤੇ 24 ਮਹੀਨਿਆਂ ਦੇ ਵਿਚ ਵਿਚ ਇਸ ਦੀ ਛਾਣਬੀਣ ਕੀਤੀ ਜਾਣੀ ਜ਼ਰੂਰੀ ਹੈ, ਅਤੇ
  - 20 ਸਾਲਾਂ ਲਈ ਰੱਖੀ ਜਾਣੀ ਜ਼ਰੂਰੀ ਹੈ, ਜਾਂ ਜੇ ਹਮਲਾ ਹੋਣ ਵੇਲੇ ਤੁਹਾਡੀ ਉਮਰ 18 ਸਾਲ ਤੋਂ ਘੱਟ ਸੀ ਤਾਂ ਤੁਹਾਡੇ 40 ਸਾਲ ਦੀ ਉਮਰ ਦੇ ਹੋਣ ਤੱਕ ਰੱਖੀ ਜਾਣੀ ਜ਼ਰੂਰੀ ਹੈ।

## ਤੱਥ:

- ਸਰੀਰ ਉੱਪਰ ਡੀ ਐੱਨ ਏ ਦੇ ਸਬੂਤ 12 ਘੰਟਿਆਂ ਤੋਂ ਲੈ ਕੇ 7 ਦਿਨਾਂ ਤੱਕ ਰਹਿ ਸਕਦੇ ਹਨ।
- ਡੀ ਐੱਨ ਏ ਅਤੇ ਹੋਰ ਕਿਸਮਾਂ ਦੇ ਸਬੂਤ ਖਰਾਬ ਹੋ ਸਕਦੇ ਹਨ ਜੇ ਇਹ ਗਰਮੀ, ਪਾਣੀ ਜਾਂ ਹੋਰ ਸਾਮੱਗਰੀ ਦੇ ਸੰਪਰਕ ਵਿਚ ਆਉਂਦੇ ਹਨ।

## ਕਾਮੁਕ ਹਮਲੇ ਦੇ ਅਦਾਲਤੀ ਸਬੂਤ ਦਾ ਪਤਾ ਲਾਉਣਾ (SAFE-T)

ਸੇਫ-ਟੀ ਡੈਟਾਬੇਸ ਵਿਚ ਦਰਜ ਕੀਤੇ ਗਏ ਡੈਟਾ 'ਤੇ ਆਧਾਰਿਤ ਰੇਪ ਕਿੱਟ ਦੀ ਆਮ ਥਾਂ ਅਤੇ ਦਰਜੇ ਲਈ ਕੈਲੇਫੋਰਨੀਆ ਅਟਾਰਨੀ ਜਨਰਲ ਦੇ ਵਿਕਟਿਮਜ਼ ਸਰਵਿਸਿਜ਼ ਯੂਨਿਟ ਨਾਲ ਸੰਪਰਕ ਕਰੋ। ਜਾਂ ਕਾਨੂੰਨ ਲਾਗੂ ਕਰਨ ਵਾਲੀ ਉਸ ਲੋਕਲ ਏਜੰਸੀ ਨਾਲ ਸੰਪਰਕ ਕਰੋ ਜਿਸ ਨੇ ਤੁਹਾਡੇ ਕੇਸ 'ਤੇ ਕਾਰਵਾਈ ਕੀਤੀ ਹੈ।

## ਵਸੀਲੇ*

**ਲੋਕਲ ਰੇਪ ਕਰਾਈਸਿਸ ਸੈਂਟਰ**

ਮਦਦ, ਹਿਮਾਇਤ ਅਤੇ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਆਪਣੇ ਲੋਕਲ ਰੇਪ ਕਰਾਈਸਿਸ ਸੈਂਟਰ ਨਾਲ ਸੰਪਰਕ ਕਰੋ।

[Agency Name]

[Phone • Website]

**ਕੈਲੇਫੋਰਨੀਆ ਵਿਕਟਿਮ ਕੰਪਨਸੇਸ਼ਨ ਬੋਰਡ** (CalVCB) –
ਹਮਲੇ ਨਾਲ ਸੰਬੰਧਿਤ ਮਾਨਸਿਕ ਸਿਹਤ ਦੀ ਕੌਂਸਲਿੰਗ, ਆਮਦਨ ਦੇ ਨੁਕਸਾਨ, ਜੁਰਮ ਵਾਲੇ ਸਥਾਨ ਦੀ ਸਫਾਈ, ਮੁੜ ਵਸੇਬੇ, ਮੈਡੀਕਲ ਅਤੇ ਦੰਦਾਂ ਦੇ ਇਲਾਜ ਦੇ ਬਿੱਲ ਅਤੇ ਹੋਰ ਖਰਚੇ ਵਾਪਸ ਕਰਨ ਵਿਚ ਮਦਦ ਕਰਦਾ ਹੈ।
800-777-9229 • www.victims.ca.gov

**ਕੈਲੇਫੋਰਨੀਆ ਕੋਲੀਸ਼ਨ ਅਗੇਂਸਟ ਸੈਕਸੁਅਲ ਅਸਾਲਟ** (CalCASA) –
ਰੋਕਥਾਮ, ਦਖਲਅੰਦਾਜ਼ੀ, ਸਿੱਖਿਆ, ਖੋਜ, ਹਿਮਾਇਤ ਅਤੇ ਜਨਤਕ ਨੀਤੀ ਰਾਹੀਂ ਕਾਮੁਕ ਹਿੰਸਾ ਨੂੰ ਖਤਮ ਕਰਨ ਲਈ ਕੰਮ ਕਰਦੀ ਹੈ।
916-446-2520 • www.calcasa.org

**ਰੇਪ, ਅਬਿਊਜ਼ ਐਂਡ ਇਨਸੈੱਸਟ ਨੈਸ਼ਨਲ ਨੈੱਟਵਰਕ** (RAINN) –
ਕਾਮੁਕ ਹਿੰਸਾ ਖਿਲਾਫ ਦੇਸ਼ ਦੀ ਸਭ ਤੋਂ ਵੱਡੀ ਸੰਸਥਾ।
800-656-HOPE • www.centers.rainn.org

**ਨੈਸ਼ਨਲ ਡੋਮੈਸਟਿਕ ਵਾਇਲੈਂਸ ਹੌਟਲਾਈਨ** –
800-799-7233 • www.thehotline.org

**ਨੈਸ਼ਨਲ ਹਿਊਮਨ ਟਰੈਫਿਕਿੰਗ ਰੀਸੋਰਸ ਸੈਂਟਰ ਹੌਟਲਾਈਨ** –
24-ਘੰਟੇ ਹੌਟਲਾਈਨ:
888-373-7888 • www.humantraffickinghotline.org

**ਕੈਲੇਫੋਰਨੀਆ ਅਟਾਰਨੀ ਜਨਰਲ ਦਾ ਦਫਤਰ –ਵਿਕਟਿਮਜ਼ ਸਰਵਿਸਿਜ਼ ਯੂਨਿਟ** – ਪੀੜਿਤਾਂ ਨੂੰ ਪੀੜਿਤਾਂ ਲਈ ਸਥਾਨਕ ਸਹਾਇਤਾ ਅਤੇ ਜਾਣਕਾਰੀ ਦੇਣ ਵਾਲੇ ਵਸੀਲਿਆਂ ਨਾਲ ਜੋੜਦਾ ਹੈ। ਅਪੀਲਾਂ ਦੇ ਕਾਰਜ ਬਾਰੇ ਜਾਣਕਾਰੀ ਅਤੇ ਅੱਪਡੇਟਸ ਦਿੰਦਾ ਹੈ।
877-433-9069 • www.oag.ca.gov/victimservices

**ਜ਼ਿਆਦਾ ਜਾਣਕਾਰੀ ਲਈ, ਸੰਪਰਕ ਕਰੋ:**
www.oag.ca.gov/sexual-violence

* ਸੀ ਏ ਅਟਾਰਨੀ ਜਨਰਲ ਦਾ ਦਫਤਰ ਉਪਰ ਲਿਖੀਆਂ ਸੰਸਥਾਵਾਂ ਅਤੇ ਏਜੰਸੀਆਂ ਨੂੰ ਕੰਟਰੋਲ ਨਹੀਂ ਕਰਦਾ, ਇਨ੍ਹਾਂ ਦੀ ਮਦਦ ਨਹੀਂ ਕਰਦਾ ਜਾਂ ਇਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ।


## ਤੁਹਾਨੂੰ ਜਵਾਬ ਲੈਣ ਦਾ ਹੱਕ ਹੈ

- ਕੀ ਤੁਹਾਡੇ ਸਬੂਤ ਦੀ 18 ਮਹੀਨਿਆਂ ਦੇ ਵਿਚ ਵਿਚ ਛਾਣਬੀਣ ਕੀਤੀ ਗਈ ਸੀ?
- ਕੀ ਸਬੂਤ ਦੀ ਵਰਤੋਂ ਤੁਹਾਡੇ ਹਮਲਾਕਾਰ ਦਾ ਡੀ ਐੱਨ ਏ ਪ੍ਰੋਫਾਇਲ ਬਣਾਉਣ ਲਈ ਕੀਤੀ ਗਈ ਸੀ?
- ਕੀ ਡੀ ਐੱਨ ਏ ਪ੍ਰੋਫਾਇਲ ਕਾਨੂੰਨ ਲਾਗੂ ਕਰਨ ਵਾਲਿਆਂ ਦੇ ਡੈਟਾਬੇਸ ਵਿਚ ਦਰਜ ਹੋਇਆ ਸੀ? ਕੀ ਉਨ੍ਹਾਂ ਨੂੰ ਪ੍ਰੋਫਾਇਲ ਨਾਲ ਮੇਲ ਲੱਭੇ ਸਨ?

## ਤੁਹਾਨੂੰ ਜਾਣਕਾਰੀ ਲੈਣ ਦਾ ਹੱਕ ਹੈ, ਜਿਸ ਵਿਚ ਇਹ ਸ਼ਾਮਲ ਹੈ:

- ਜੁਰਮ ਦੀਆਂ ਰਿਪੋਰਟਾਂ ਦੀ ਮੁਫਤ ਕਾਪੀ। (ਆਪਣੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਤੋਂ ਲਿਖਤੀ ਰੂਪ ਵਿਚ ਮੰਗੋ।)
- ਹਮਲਾਕਾਰ ਜੇ ਦੋਸ਼ੀ ਸਿੱਧ ਹੋਇਆ ਹੈ ਤਾਂ ਉਸ ਦੀ ਸੈਕਸ ਓਫੈਂਡਰ ਰਜਿਸਟਰੀ ਵਿਚ ਜਾਣਕਾਰੀ।
- ਰੇਪ ਕਿੱਟ ਵਿੱਚੋਂ ਸਬੂਤ। ਰੇਪ ਕਿੱਟ:
  - ਲੈਬ ਨੂੰ ਲਿਜਾਈ ਜਾਣੀ ਅਤੇ 24 ਮਹੀਨਿਆਂ ਦੇ ਵਿਚ ਵਿਚ ਇਸ ਦੀ ਛਾਣਬੀਣ ਕੀਤੀ ਜਾਣੀ ਜ਼ਰੂਰੀ ਹੈ, ਅਤੇ
  - 20 ਸਾਲਾਂ ਲਈ ਰੱਖੀ ਜਾਣੀ ਜ਼ਰੂਰੀ ਹੈ, ਜਾਂ ਜੇ ਹਮਲਾ ਹੋਣ ਵੇਲੇ ਤੁਹਾਡੀ ਉਮਰ 18 ਸਾਲ ਤੋਂ ਘੱਟ ਸੀ ਤਾਂ ਤੁਹਾਡੇ 40 ਸਾਲ ਦੀ ਉਮਰ ਦੇ ਹੋਣ ਤੱਕ ਰੱਖੀ ਜਾਣੀ ਜ਼ਰੂਰੀ ਹੈ।

## ਤੱਥ:

- ਸਰੀਰ ਉੱਪਰ ਡੀ ਐੱਨ ਏ ਦੇ ਸਬੂਤ 12 ਘੰਟਿਆਂ ਤੋਂ ਲੈ ਕੇ 7 ਦਿਨਾਂ ਤੱਕ ਰਹਿ ਸਕਦੇ ਹਨ।
- ਡੀ ਐੱਨ ਏ ਅਤੇ ਹੋਰ ਕਿਸਮਾਂ ਦੇ ਸਬੂਤ ਖਰਾਬ ਹੋ ਸਕਦੇ ਹਨ ਜੇ ਇਹ ਗਰਮੀ, ਪਾਣੀ ਜਾਂ ਹੋਰ ਸਾਮੱਗਰੀ ਦੇ ਸੰਪਰਕ ਵਿਚ ਆਉਂਦੇ ਹਨ।

## ਕਾਮੁਕ ਹਮਲੇ ਦੇ ਅਦਾਲਤੀ ਸਬੂਤ ਦਾ ਪਤਾ ਲਾਉਣਾ (SAFE-T)

ਸੇਫ-ਟੀ ਡੈਟਾਬੇਸ ਵਿਚ ਦਰਜ ਕੀਤੇ ਗਏ ਡੈਟਾ 'ਤੇ ਆਧਾਰਿਤ ਰੇਪ ਕਿੱਟ ਦੀ ਆਮ ਥਾਂ ਅਤੇ ਦਰਜੇ ਲਈ ਕੈਲੇਫੋਰਨੀਆ ਅਟਾਰਨੀ ਜਨਰਲ ਦੇ ਵਿਕਟਿਮਜ਼ ਸਰਵਿਸਿਜ਼ ਯੂਨਿਟ ਨਾਲ ਸੰਪਰਕ ਕਰੋ। ਜਾਂ ਕਾਨੂੰਨ ਲਾਗੂ ਕਰਨ ਵਾਲੀ ਉਸ ਲੋਕਲ ਏਜੰਸੀ ਨਾਲ ਸੰਪਰਕ ਕਰੋ ਜਿਸ ਨੇ ਤੁਹਾਡੇ ਕੇਸ 'ਤੇ ਕਾਰਵਾਈ ਕੀਤੀ ਹੈ।

## ਵਸੀਲੇ*

**ਲੋਕਲ ਰੇਪ ਕਰਾਈਸਿਸ ਸੈਂਟਰ**

ਮਦਦ, ਹਿਮਾਇਤ ਅਤੇ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਆਪਣੇ ਲੋਕਲ ਰੇਪ ਕਰਾਈਸਿਸ ਸੈਂਟਰ ਨਾਲ ਸੰਪਰਕ ਕਰੋ।

[Agency Name]

[Phone • Website]

**ਕੈਲੇਫੋਰਨੀਆ ਵਿਕਟਿਮ ਕੰਪਨਸੇਸ਼ਨ ਬੋਰਡ** (CalVCB) –
ਹਮਲੇ ਨਾਲ ਸੰਬੰਧਿਤ ਮਾਨਸਿਕ ਸਿਹਤ ਦੀ ਕੌਂਸਲਿੰਗ, ਆਮਦਨ ਦੇ ਨੁਕਸਾਨ, ਜੁਰਮ ਵਾਲੇ ਸਥਾਨ ਦੀ ਸਫਾਈ, ਮੁੜ ਵਸੇਬੇ, ਮੈਡੀਕਲ ਅਤੇ ਦੰਦਾਂ ਦੇ ਇਲਾਜ ਦੇ ਬਿੱਲ ਅਤੇ ਹੋਰ ਖਰਚੇ ਵਾਪਸ ਕਰਨ ਵਿਚ ਮਦਦ ਕਰਦਾ ਹੈ।
800-777-9229 • www.victims.ca.gov

**ਕੈਲੇਫੋਰਨੀਆ ਕੋਲੀਸ਼ਨ ਅਗੇਂਸਟ ਸੈਕਸੁਅਲ ਅਸਾਲਟ** (CalCASA) –
ਰੋਕਥਾਮ, ਦਖਲਅੰਦਾਜ਼ੀ, ਸਿੱਖਿਆ, ਖੋਜ, ਹਿਮਾਇਤ ਅਤੇ ਜਨਤਕ ਨੀਤੀ ਰਾਹੀਂ ਕਾਮੁਕ ਹਿੰਸਾ ਨੂੰ ਖਤਮ ਕਰਨ ਲਈ ਕੰਮ ਕਰਦੀ ਹੈ।
916-446-2520 • www.calcasa.org

**ਰੇਪ, ਅਬਿਊਜ਼ ਐਂਡ ਇਨਸੈੱਸਟ ਨੈਸ਼ਨਲ ਨੈੱਟਵਰਕ** (RAINN) –
ਕਾਮੁਕ ਹਿੰਸਾ ਖਿਲਾਫ ਦੇਸ਼ ਦੀ ਸਭ ਤੋਂ ਵੱਡੀ ਸੰਸਥਾ।
800-656-HOPE • www.centers.rainn.org

**ਨੈਸ਼ਨਲ ਡੋਮੈਸਟਿਕ ਵਾਇਲੈਂਸ ਹੌਟਲਾਈਨ** –
800-799-7233 • www.thehotline.org

**ਨੈਸ਼ਨਲ ਹਿਊਮਨ ਟਰੈਫਿਕਿੰਗ ਰੀਸੋਰਸ ਸੈਂਟਰ ਹੌਟਲਾਈਨ** –
24-ਘੰਟੇ ਹੌਟਲਾਈਨ:
888-373-7888 • www.humantraffickinghotline.org

**ਕੈਲੇਫੋਰਨੀਆ ਅਟਾਰਨੀ ਜਨਰਲ ਦਾ ਦਫਤਰ –ਵਿਕਟਿਮਜ਼ ਸਰਵਿਸਿਜ਼ ਯੂਨਿਟ** – ਪੀੜਿਤਾਂ ਨੂੰ ਪੀੜਿਤਾਂ ਲਈ ਸਥਾਨਕ ਸਹਾਇਤਾ ਅਤੇ ਜਾਣਕਾਰੀ ਦੇਣ ਵਾਲੇ ਵਸੀਲਿਆਂ ਨਾਲ ਜੋੜਦਾ ਹੈ। ਅਪੀਲਾਂ ਦੇ ਕਾਰਜ ਬਾਰੇ ਜਾਣਕਾਰੀ ਅਤੇ ਅੱਪਡੇਟਸ ਦਿੰਦਾ ਹੈ।
877-433-9069 • www.oag.ca.gov/victimservices

**ਜ਼ਿਆਦਾ ਜਾਣਕਾਰੀ ਲਈ, ਸੰਪਰਕ ਕਰੋ:**
www.oag.ca.gov/sexual-violence

* ਸੀ ਏ ਅਟਾਰਨੀ ਜਨਰਲ ਦਾ ਦਫਤਰ ਉਪਰ ਲਿਖੀਆਂ ਸੰਸਥਾਵਾਂ ਅਤੇ ਏਜੰਸੀਆਂ ਨੂੰ ਕੰਟਰੋਲ ਨਹੀਂ ਕਰਦਾ, ਇਨ੍ਹਾਂ ਦੀ ਮਦਦ ਨਹੀਂ ਕਰਦਾ ਜਾਂ ਇਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ।